ਵਕੀਲ ਦੀ ਲੋੜ ? 905-362-0755
ਇੰਡੀਆ ਵਿੱਚ ਜਾਇਦਾਦ ਵੇਚੋ ਪੈਸੇ ਕੈਨੇਡਾ ਮੰਗਵਾਓ Buy/Sell US Dollars 416-731-7710
ਨੈਨੀ/ਕੇਅਰਗਿਵਰ ਵੀਜ਼ਾ ਅਰਜ਼ੀਆਂ 7,500 Positions 416-848-3930
ਸਸਤੀਆਂ ਹਵਾਈ ਟਿਕਟਾਂ 905-595-1700
ਮਰਦਾਨਾ ਕਮਜ਼ੋਰੀ 416-992-5489
12 Beds, 7 Baths For 24 Guests 905-965-4644
ਇੰਡੀਅਨ ਵੀਜ਼ਾ OCI & Passport Renewal 514-389-7070
ਕਰਜ਼ੇ ਤੋਂ ਪਰੇਸ਼ਾਨ ਹੋ ? 416-502-3100

ਭਾਰਤ 'ਚ 88 ਲੱਖ ਤੋਂ ਵੱਧ ਬਜ਼ੁਰਗ ਡਿਮੈਂਸ਼ੀਆ ਪ੍ਰਭਾਵਿਤ

ਨਵੀਂ ਦਿੱਲੀ: ਭਾਰਤ 'ਚ ਬਜ਼ੁਰਗ ਆਬਾਦੀ ਦੇ ਵਧਣ ਦੇ ਨਾਲ ਹੀ ਡਿਮੈਂਸ਼ੀਆ ਇੱਕ ਮਹਾਂਮਾਰੀ ਵਾਂਗ ਘਰਾਂ ਨੂੰ ਪ੍ਰਭਾਵਿਤ ਕਰ ਰਹੀ ਹੈ ਜਿਸ ਕਾਰਨ ਲੱਖਾਂ ਪਰਿਵਾਰ ਤੰਗ ਹੋ ਚੁੱਕੇ ਹਨ ਅਤੇ ਭਾਰਤ ਦਾ ਸਿਹਤ ਸੰਭਾਲ ਢਾਂਚਾ ਇਸ ਸੰਕਟ ਲਈ ਬਿਲਕੁਲ ਅਣਜਾਣ ਹੈ।

88 ਲੱਖ ਭਾਰਤੀ ਪ੍ਰਭਾਵਿਤ, 2036 ਤਕ 1.7 ਕਰੋੜ ਦਾ ਖ਼ਦਸ਼ਾ: ਸਿਹਤ ਮਾਹਿਰਾਂ ਅਨੁਸਾਰ ਇਸ ਸਮੇਂ 8.8 ਮਿਲੀਅਨ (ਲਗਭਗ 88 ਲੱਖ) ਤੋਂ ਵੱਧ ਭਾਰਤੀ, ਜਿਨ੍ਹਾਂ ਦੀ ਉਮਰ 60 ਸਾਲ ਜਾਂ ਇਸ ਤੋਂ ਵੱਧ ਹੈ, ਡਿਮੈਂਸ਼ੀਆ ਤੋਂ ਪੀੜਤ ਹਨ। ਇਹ ਅੰਕੜਾ 2036 ਤਕ ਲਗਭਗ 17 ਮਿਲੀਅਨ (1.7 ਕਰੋੜ) ਤਕ ਪਹੁੰਚਣ ਦੀ ਉਮੀਦ ਹੈ।

ਡਿਮੈਂਸ਼ੀਆ ਸੰਕਟ ਦੇ ਮੁੱਖ ਕਾਰਨ: ਲੋਕਾਂ ਦੀ ਲੰਬੀ ਉਮਰ, ਲੰਮੇ ਸਮੇਂ ਤੋਂ ਚੱਲ ਰਹੀਆਂ ਜੀਵਨ ਸ਼ੈਲੀ ਦੀਆਂ ਬੀਮਾਰੀਆਂ, ਸਮਾਜਿਕ ਇਕਾਂਤ, ਅਤੇ ਪਰਿਵਾਰਕ ਢਾਂਚਿਆਂ ਦਾ ਟੁੱਟਣਾ ਇਸ ਡਿਮੈਂਸ਼ੀਆ ਸੰਕਟ ਨੂੰ ਜਨਮ ਦੇ ਰਿਹਾ ਹੈ। ਜਿਵੇਂ-ਜਿਵੇਂ ਪਰਿਵਾਰ ਛੋਟੇ ਹੋ ਰਹੇ ਹਨ ਉਮਰਦਰਾਜ਼ ਮਾਪੇ ਅਕਸਰ ਜਾਣੀਆਂ-ਪਛਾਣੀਆਂ ਗਲੀਆਂ 'ਚ ਗੁਮ ਹੋ ਜਾਂਦੇ ਹਨ ਜਾਂ ਆਪਣੇ ਪਿਆਰਿਆਂ ਦੇ ਨਾਮ ਭੁੱਲ ਜਾਂਦੇ ਹਨ।

ਦੇਖਭਾਲ ਪ੍ਰਣਾਲੀ ਦੀ ਵੱਡੀ ਘਾਟ: ਸਭ ਤੋਂ ਵੱਡੀ ਚਿੰਤਾ ਇਹ ਹੈ ਕਿ ਦੇਸ਼ 'ਚ ਡਿਮੈਂਸ਼ੀਆ ਦੀ ਦੇਖਭਾਲ ਲਈ ਢੁੱਕਵਾਂ ਬੁਨਿਆਦੀ ਢਾਂਚਾ ਨਹੀਂ।

ਵਿਸ਼ੇਸ਼ ਕੇਂਦਰਾਂ ਦੀ ਕਮੀ: ਦੇਸ਼ ਭਰ 'ਚ 50 ਤੋਂ ਵੀ ਘੱਟ ਵਿਸ਼ੇਸ਼ ਡਿਮੈਂਸ਼ੀਆ ਕੇਅਰ ਸੈਂਟਰ ਮੌਜੂਦ ਹਨ। ਇਨ੍ਹਾਂ 'ਚੋਂ ਜ਼ਿਆਦਾਤਰ ਕੇਂਦਰ ਵੱਡੇ ਸ਼ਹਿਰਾਂ 'ਚ ਹਨ ਅਤੇ ਨਿੱਜੀ ਹਸਪਤਾਲਾਂ ਜਾਂ ਗ਼ੈਰ-ਲਾਭਕਾਰੀ ਸੰਸਥਾਵਾਂ ਦੁਆਰਾ ਚਲਾਏ ਜਾਂਦੇ ਹਨ।

ਪੇਂਡੂ ਖੇਤਰਾਂ 'ਚ ਸੰਘਰਸ਼: ਪੇਂਡੂ ਅਤੇ ਅਰਧ-ਸ਼ਹਿਰੀ ਭਾਰਤ 'ਚ ਲੱਖਾਂ ਪਰਿਵਾਰ ਤੇ ਬਜ਼ੁਰਗ ਇਕੱਲੇ ਹੀ ਸੰਘਰਸ਼ ਕਰਨ ਲਈ ਮਜਬੂਰ ਹਨ।

ਰਾਸ਼ਟਰੀ ਨੀਤੀ ਦੀ ਘਾਟ: ਡਿਮੈਂਸ਼ੀਆ ਲਈ ਕੋਈ ਰਾਸ਼ਟਰੀ ਨੀਤੀ ਜਾਂ ਜਨਤਕ ਸਿਹਤ ਪ੍ਰੋਗਰਾਮਾਂ 'ਚ ਇਸ ਦੀ ਕੋਈ ਅਰਥਪੂਰਣ ਮੌਜੂਦਗੀ ਨਹੀਂ।

ਅਣਸਿੱਖਿਅਤ ਪਰਿਵਾਰਕ ਦੇਖਭਾਲ ਕਰਨ ਵਾਲੇ: ਭਾਰਤੀ ਸਭਿਆਚਾਰ 'ਚ ਬਜ਼ੁਰਗ ਮਾਪਿਆਂ ਦੀ ਦੇਖਭਾਲ ਘਰ 'ਚ ਕਰਨ ਦੀ ਰਿਵਾਇਤ ਹੈ, ਪਰ ਪਰਿਵਾਰਕ ਮੈਂਬਰ (ਖ਼ਾਸ ਕਰ ਕੇ ਔਰਤਾਂ) ਅਕਸਰ ਅਣਸਿਖਿਅਤ, ਭਾਵਨਾਤਮਕ ਤੌਰ 'ਤੇ ਖਿੱਚੇ ਗਏ ਤੇ ਦੋਸ਼ ਦੀ ਭਾਵਨਾ 'ਚ ਡੁੱਬੇ ਰਹਿੰਦੇ ਹਨ। ਦੇਖਭਾਲ ਕਰਨ ਵਾਲੇ ਇਹ ਅਹਿਸਾਸ ਕਰ ਰਹੇ ਹਨ ਕਿ ਡਿਮੈਂਸ਼ੀਆ ਦਾ ਕੋਈ ਇਲਾਜ ਨਹੀਂ ਹੈ। ਸਿਹਤ ਅਤੇ ਨਰਸਿੰਗ ਸਹਾਇਕ ਵੀ ਅਕਸਰ ਡਿਮੈਂਸ਼ੀਆ ਵਾਲੇ ਲੋਕਾਂ ਦੀ ਦੇਖਭਾਲ ਲਈ ਸਿਖਲਾਈ ਪ੍ਰਾਪਤ ਨਹੀਂ ਹੁੰਦੇ ਹਨ। ਰੀਸਰਚ ਸਾਇੰਟਿਸਟ ਮਨਵੀਨ ਕੌਰ ਨੇ ਚਿਤਾਵਨੀ ਦਿੱਤੀ ਕਿ ਜਦੋਂ ਇੱਕ ਔਰਤ - ਜੋ ਰਿਵਾਇਤੀ ਦੇਖਭਾਲ ਕਰਨ ਵਾਲੀ ਹੁੰਦੀ ਹੈ - ਨੂੰ ਡਿਮੈਂਸ਼ੀਆ ਹੋ ਜਾਂਦਾ ਹੈ ਤਾਂ ਪਰਿਵਾਰ ਦਾ ਪੂਰਾ ਢਾਂਚਾ ਢਹਿ ਜਾਂਦਾ ਹੈ।

Trump ਦੀ Tariff Policy ਕਾਰਨ ਮਹਿੰਗਾ ਹੋਇਆ US

ਵਾਸ਼ਿੰਗਟਨ: ਅਮਰੀਕਾ 'ਚ ਮਹਿੰਗਾਈ ਦੀ ਮਾਰ ਅਜਿਹੀ ਪੈ ਰਹੀ ਹੈ ਕਿ ਵ੍ਹਾਈਟ ਹਾਊਸ ਤਕ ਇਸ ਦੀ ਗਰਮੀ ਮਹਿਸੂਸ ਕਰ ਰਿਹਾ ਹੈ। ਅਮਰੀਕਾ ਫ਼ਸਟ ਦੇ ਨਾਂ 'ਤੇ ਡੌਨਲਡ ਟਰੰਪ ਵਲੋਂ ਲਾਏ ਭਾਰੀ ਟੈਰਿਫ਼ਸ ਦਾ ਦਾਅ ਹੁਣ ਉਨ੍ਹਾਂ 'ਤੇ ਭਾਰੀ ਪੈਣ ਲੱਗਾ ਹੈ।

ਵਿਦੇਸ਼ੀ ਸਾਮਾਨ ਨੂੰ ਮਹਿੰਗਾ ਕਰ ਕੇ ਅਮਰੀਕੀ ਉਦਯੋਗਾਂ ਨੂੰ ਉਤਸ਼ਾਹ ਦੇਣ ਦੀ ਕੋਸ਼ਿਸ਼ ਕਰਦੇ-ਕਰਦੇ ਟਰੰਪ ਪ੍ਰਸ਼ਾਸਨ ਨੇ ਘਰੇਲੂ ਬਾਜ਼ਾਰ 'ਚ ਅਜਿਹੀ ਅੱਗ ਲਾ ਦਿੱਤੀ ਕਿ ਰੋਜ਼ ਦੀਆਂ ਚੀਜ਼ਾਂ ਜਨਤਾ ਦੀ ਪਹੁੰਚ ਤੋਂ ਬਾਹਰ ਹੋਣ ਲੱਗੀਆਂ ਹਨ। ਨਤੀਜਾ ਹੁਣ ਵ੍ਹਾਈਟ ਹਾਊਸ ਖ਼ੁਦ ਟੈਰਿਫ਼ਸ ਹਟਾਉਣ ਦੀ ਤਿਆਰੀ 'ਚ ਜੁੱਟ ਗਿਆ ਹੈ।ਟਰੰਪ ਨੇ ਸੱਤਾ ਸੰਭਾਲਦੇ ਹੀ ਉਨ੍ਹਾਂ ਦੇਸ਼ਾਂ 'ਤੇ ਟੈਰਿਫ਼ਸ ਲਾ ਦਿੱਤੇ ਸਨ ਜਿਨ੍ਹਾਂ ਤੋਂ ਅਮਰੀਕਾ ਸਾਲਾਂ ਤੋਂ ਵੱਡੇ ਪੈਮਾਨੇ 'ਤੇ ਦਰਾਮਦ ਕਰਦਾ ਰਿਹਾ ਹੈ। ਭਾਰਤ, ਅਰਜਨਟੀਨਾ, ਐਕਵਾਡੋਰ, ਗਵਾਟੇਮਾਲਾ ਅਤੇ ਐਲ ਸਲਵਾਡੋਰ ਵਰਗੇ ਕਈ ਦੇਸ਼ਾਂ ਤੋਂ ਆਉਣ ਵਾਲੀਆਂ ਖਾਣ-ਪੀਣ ਦੀਆਂ ਚੀਜ਼ਾਂ ਅਚਾਨਕ ਮਹਿੰਗੀਆਂ ਹੋ ਗਈਆਂ ਹਨ। ਟਰੰਪ ਦਾ ਉਦੇਸ਼ ਸੀ ਵਿਦੇਸ਼ੀ ਕੰਪਨੀਆਂ ਨੂੰ ਝਟਕਾ ਦੇਣਾ ਅਤੇ ਅਮਰੀਕੀ ਮਾਲੀਆ ਵਧਾਉਣਾ, ਪਰ ਹੈਰਾਨੀਜਨਕ ਤੌਰ 'ਤੇ ਉਲਟਾ ਪੈ ਗਿਆ। ਟੈਰਿਫ਼ਸ ਨਾਲ ਵਧੀਆਂ ਕੀਮਤਾਂ ਦਾ ਸਿੱਧਾ ਅਸਰ ਅਮਰੀਕੀ ਕਿਚਨ 'ਤੇ ਦਿਸਿਆ। ਕੌਫ਼ੀ, ਕੇਲੇ, ਬੀਫ਼ ਅਤੇ ਹੋਰ ਜ਼ਰੂਰੀ ਚੀਜ਼ਾਂ ਦੀਆਂ ਕੀਮਤਾਂ ਰਿਕਾਰਡ ਲੈਵਲ ਤਕ ਪਹੁੰਚ ਗਈਆਂ। ਲੋਕਾਂ ਦਾ ਬਜਟ ਵਿਗੜਿਆ ਅਤੇ ਮਹਿੰਗਾਈ ਨੇ ਵ੍ਹਾਈਟ ਹਾਊਸ 'ਤੇ ਹੀ ਦਬਾਅ ਵਧਾ ਦਿੱਤਾ।

ਸਰਬਜੀਤ ਕੌਰ ਮਾਮਲੇ ਮਗਰੋਂ ਪਾਕਿ ਵੀਜ਼ੇ ਲਈ SGPC ਨੇ ਕਰੜੇ ਕੀਤੇ ਨਿਯਮ

ਅੰਮ੍ਰਿਤਸਰ: ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਹੁਣ ਪਾਕਿਸਤਾਨ ਜਾਣ ਵਾਲੀਆਂ ਇਕੱਲੀਆਂ ਮਹਿਲਾ ਤੀਰਥ ਯਾਤਰੀਆਂ ਦੇ ਵੀਜ਼ਾ ਅਰਜ਼ੀਆਂ ਲਈ ਸਖ਼ਤ ਨਿਯਮ ਲਾਗੂ ਕਰ ਦਿੱਤੇ ਹਨ। ਇਹ ਫ਼ੈਸਲਾ ਪੰਜਾਬ ਦੀ ਸਰਬਜੀਤ ਕੌਰ ਦੇ ਮਾਮਲੇ ਦੇ ਮੱਦੇਨਜ਼ਰ ਲਿਆ ਗਿਆ ਹੈ ਜੋ ਪਾਕਿਸਤਾਨ ਗਈ ਸੀ ਅਤੇ ਉੱਥੇ ਧਰਮ ਪਰਿਵਰਤਨ ਕਰ ਕੇ ਨਿਕਾਹ ਕਰਵਾ ਲਿਆ ਅਤੇ ਵਾਪਿਸ ਨਹੀਂ ਪਰਤੀ। ਜਿਸ ਤੋਂ ਬਾਅਦ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਖ਼ਤ ਫ਼ੈਸਲਾ ਲਿਆ ਹੈ।

ਇਸ ਦੌਰਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਕੱਤਰ ਪ੍ਰਤਾਪ ਸਿੰਘ ਨੇ ਦੱਸਿਆ ਕਿ ਸ਼੍ਰੋਮਣੀ ਕਮੇਟੀ ਹੁਣ ਭਵਿੱਖ 'ਚ ਪਾਕਿਸਤਾਨ ਕਿਸੇ ਵੀ ਇੱਕੱਲੀ ਔਰਤ ਨੂੰ ਵੀਜ਼ਾ ਨਹੀਂ ਦੇਵੇਗੀ। ਸਕੱਤਰ ਪ੍ਰਤਾਪ ਸਿੰਘ ਨੇ ਸਰਬਜੀਤ ਕੌਰ ਦੇ ਵਿਵਹਾਰ ਦੀ ਸਖ਼ਤ ਸ਼ਬਦਾ 'ਚ ਨਿੰਦਾ ਕਰਦਿਆਂ ਕਿਹਾ ਕਿ ਮੀਡੀਆ 'ਚ ਨਾਮ ਬਦਲਣ ਅਤੇ ਨਿਕਾਹ ਕਰਨ ਦੀ ਜਾਣਕਾਰੀ ਸਾਹਮਣੇ ਆਉਣ ਤੋਂ ਸਪੱਸ਼ਟ ਹੁੰਦਾ ਹੈ ਕਿ ਸਰਬਜੀਤ ਪਹਿਲਾਂ ਤੋਂ ਹੀ ਪਾਕਿਸਤਾਨ 'ਚ ਕਿਸੇ ਦੇ ਸੰਪਰਕ 'ਚ ਸੀ।

ਸਕੱਤਰ ਪ੍ਰਤਾਪ ਸਿੰਘ ਨੇ ਸਵਾਲ ਉਠਾਇਆ ਕਿ ਸਬੰਧਤ ਜਾਂਚ ਏਜੰਸੀਆਂ ਕੀ ਕਰ ਰਹੀਆਂ ਸਨ ਅਤੇ ਇਹ ਗਤੀਵਿਧੀ ਉਨ੍ਹਾਂ ਦੇ ਧਿਆਨ 'ਚ ਕਿਉਂ ਨਹੀਂ ਆਈ। ਸਰਕਾਰ ਵਲੋਂ ਏਜੰਸੀਆਂ ਇਨਕੁਆਇਰੀ ਕਰਦਿਆਂ ਹਨ ਅਤੇ ਕਈਆਂ ਨੂੰ ਬਾਰਡਰ ਤੋਂ ਵਾਪਿਸ ਵੀ ਭੇਜਿਆ ਗਿਆ ਸੀ, ਪਰ ਇਹ ਮਾਮਲਾ ਧਿਆਨ 'ਚ ਕਿਉਂ ਨਹੀਂ ਆਇਆ। ਉਨ੍ਹਾਂ ਕਿਹਾ ਕਿ ਇਸ ਘਟਨਾ ਨੂੰ ਲੈ ਕੇ ਹੋਰ ਯਾਤਰੀਆਂ 'ਚ ਰੋਸ ਪਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਜਿਸ ਪਰਿਵਾਰ ਦੀ ਬੀਬੀ ਗਈ ਹੈ ਉਸ ਪਰਿਵਾਰ 'ਤੇ ਕੀ ਬੀਤੀ ਹੋਵੇਗੀ। ਉਸ ਨੇ ਆਪਣੇ ਪਰਿਵਾਰ ਲਈ ਨਵੀਂ ਮੁਸੀਬਤ ਖੜ੍ਹੀ ਕਰ ਦਿੱਤੀ ਹੈ। ਉਨ੍ਹਾਂ ਕਿਹਾ ਕਿ ਇਸ ਮਾਮਲੇ ਨੂੰ ਲੈ ਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹੋਰ ਸਖ਼ਤ ਕਾਰਵਾਈ ਕਰੇਗੀ ਅਤੇ ਭਵਿੱਖ 'ਚ ਕਦੇ ਵੀ ਇਕੱਲੀ ਬੀਬੀ ਨੂੰ ਪਾਕਿਸਤਾਨ ਜਾਣ ਨਹੀਂ ਦਿੱਤਾ ਜਾਵੇਗਾ।ਜ਼ਿਕਰਯੋਗ ਹੈ ਕਿ ਸਰਬਜੀਤ ਕੌਰ 4 ਨਵੰਬਰ 2025 ਨੂੰ 1932 ਸ਼ਰਧਾਲੂਆਂ ਦੇ ਜਥੇ ਨਾਲ ਅਟਾਰੀ ਸਰਹੱਦ ਰਾਹੀਂ ਪਾਕਿਸਤਾਨ ਗਈ ਸੀ। ਹਾਲਾਂਕਿ, ਉਹ ਵਾਪਸੀ ਵਾਲੇ ਜਥੇ 'ਚ ਸ਼ਾਮਿਲ ਨਹੀਂ ਹੋਈ। ਜਦੋਂ ਜਾਂਚ ਕੀਤੀ ਗਈ, ਤਾਂ ਉਸ ਦੇ ਇਮੀਗ੍ਰੇਸ਼ਨ ਫ਼ਾਰਮ 'ਚ ਕੌਮੀਅਤ ਅਤੇ ਪਾਸਪੋਰਟ ਨੰਬਰ ਖ਼ਾਲੀ ਪਾਏ ਗਏ, ਜਿਸ ਨਾਲ ਸ਼ੱਕ ਹੋਰ ਵੱਧ ਗਿਆ।

US ਨੇ ਖਿੱਚੀ H-1B ਵੀਜ਼ਾ ਖ਼ਤਮ ਕਰਨ ਦੀ ਤਿਆਰੀ

ਵਾਸ਼ਿੰਗਟਨ: ਅਮਰੀਕਾ 'ਚ **H-1B** ਵੀਜ਼ਾ ਵਿਵਾਦ ਦੇ ਵਿਚਾਲੇ ਵਿਦੇਸ਼ੀ ਮਜ਼ਦੂਰਾਂ ਨੂੰ ਲੈ ਕੇ ਚੱਲ ਰਹੀ ਬਹਿਸ ਹੋਰ ਤੇਜ਼ ਹੋ ਗਈ ਹੈ। ਅਮਰੀਕੀ ਉਪ-ਰਾਸ਼ਟਰਪਤੀ ਜੇ. ਡੀ. ਵੈਂਸ ਨੇ ਵਿਦੇਸ਼ੀ ਕਰਮਚਾਰੀਆਂ ਨੂੰ ਸਸਤਾ ਨੌਕਰ ਦੱਸਦੇ ਹੋਏ ਕਿਹਾ ਹੈ ਕਿ ਸਾਨੂੰ ਉਨ੍ਹਾਂ ਦੀ ਲੋੜ ਨਹੀਂ।

ਵੈਂਸ ਨੇ ਵਿਰੋਧੀ ਪਾਰਟੀ 'ਤੇ ਨਿਸ਼ਾਨਾ ਲਾਉਂਦੇ ਹੋਏ ਕਿਹਾ ਕਿ ਡੈਮੋਕ੍ਰੈਟਸ ਦਾ ਮਾਡਲ ਘੱਟ ਤਨਖ਼ਾਹ ਵਾਲੇ ਪਰਵਾਸੀਆਂ ਨੂੰ ਦੇਸ਼ 'ਚ ਲਿਆਉਣ 'ਤੇ ਜ਼ੋਰ ਦਿੰਦਾ ਹੈ। ਇਸ ਨਾਲ ਅਮਰੀਕੀ ਲੋਕਾਂ ਦੇ ਰੋਜ਼ਗਾਰ, ਤਨਖ਼ਾਹ ਤੇ ਸਹੂਲਤਾਂ ਨੂੰ ਨੁਕਸਾਨ ਪਹੁੰਚੇਗਾ। ਟਰੰਪ ਦਾ ਮਾਡਲ ਦੂਜਾ ਹੈ ਜੋ ਅਮਰੀਕਾ 'ਚ ਵਿਕਾਸ ਦਾ ਰਸਤਾ ਖੋਲ੍ਹੇਗਾ।

ਉਨ੍ਹਾਂ ਕਿਹਾ ਕਿ ਅਮਰੀਕੀ ਮਜ਼ਦੂਰਾਂ ਨੂੰ ਤਕਨੀਕ ਰਾਹੀਂ ਮਜ਼ਬੂਤ ਬਣਾਉਣਾ ਚਾਹੀਦਾ ਹੈ ਨਾ ਕਿ ਸਸਤੀ ਵਿਦੇਸ਼ੀ ਕਿਰਤ 'ਤੇ ਨਿਰਭਰ ਹੋਣਾ ਚਾਹੀਦਾ ਹੈ। **H-1B** ਵੀਜ਼ਾ 'ਤੇ ਟਰੰਪ ਦੀ ਪਾਰਟੀ ਇੱਕ ਬਿੱਲ ਲਿਆਉਣ ਦੀ ਤਿਆਰੀ ਕਰ ਰਹੀ ਹੈ ਜਿਸ ਨਾਲ ਅਮਰੀਕਾ 'ਚ ਭਾਰਤੀਆਂ ਦੀ ਐਂਟਰੀ ਮੁਸ਼ਕਿਲ ਹੋ ਸਕਦੀ ਹੈ।

ਰਾਸ਼ਟਰਪਤੀ ਟਰੰਪ ਦੀ ਕਰੀਬੀ ਅਤੇ ਅਮਰੀਕੀ ਪ੍ਰਤੀਨਿਧੀ ਸਭਾ ਦੀ ਮੈਂਬਰ ਮਾਰਜਰੀ ਟੇਲਰ ਗ੍ਰੀਨ ਨੇ ਕਿਹਾ ਹੈ ਕਿ ਜਲਦੀ ਹੀ **H-1B** ਵੀਜ਼ਾ ਨੂੰ ਖ਼ਤਮ ਕਰਨ ਲਈ ਬਿੱਲ ਲਿਆਂਦਾ ਜਾਵੇਗਾ। ਰੀਪਬਲੀਕਨ ਪਾਰਟੀ ਦੀ ਮਾਰਜਰੀ ਵਲੋਂ ਦੋਸ਼ ਹੈ ਕਿ **H-1B** ਵੀਜ਼ਿਆਂ ਦੀ ਗ਼ਲਤ ਵਰਤੋਂ ਹੋ ਰਹੀ ਹੈ। ਅਮਰੀਕਾ ਫ਼ਸਟ ਦੀ ਨੀਤੀ ਤਹਿਤ **H-1B** ਵੀਜ਼ਾ ਕੈਟੇਗਰੀ ਨੂੰ ਖ਼ਤਮ ਕੀਤਾ ਜਾਵੇਗਾ।

ਹਾਲਾਂਕਿ ਉਨ੍ਹਾਂ ਕਿਹਾ ਕਿ ਅਗਲੇ 10 ਸਾਲਾਂ ਤਕ ਹਰ ਸਾਲ 10 ਹਜ਼ਾਰ ਡਾਕਟਰਾਂ ਨੂੰ **H-1B** ਵੀਜ਼ੇ ਜਾਰੀ ਕੀਤੇ ਜਾਣਗੇ। ਅਜੇ ਹਰ ਸਾਲ 85 ਹਜ਼ਾਰ **H-1B** ਵੀਜ਼ਾ 'ਚੋਂ ਲਗਭਗ 70 ਫ਼ੀਸਦੀ ਵੀਜ਼ਾ ਭਾਰਤੀਆਂ ਨੂੰ ਜਾਰੀ ਹੁੰਦੇ ਹਨ।

Line of Credit Fix Bad Credit Get OSAP Loan 905-965-4644
ਕਰਜ਼ੇ ਤੋਂ ਪਰੇਸ਼ਾਨ ਹੋ ? 416-502-3100
ਨੈਨੀ/ਕੇਅਰਗਿਵਰ ਵੀਜ਼ਾ ਅਰਜ਼ੀਆਂ 7,500 Positions 416-848-3930
ਸਸਤੀਆਂ ਹਵਾਈ ਟਿਕਟਾਂ 24/7 SERVICE 905-456-9977
ਵਕੀਲ ਦੀ ਲੋੜ ? 905-362-0755
ਇੰਡੀਆ ਵਿੱਚ ਜਾਇਦਾਦ ਵੇਚੋ ਪੈਸੇ ਕੈਨੇਡਾ ਮੰਗਵਾਓ Buy/Sell US Dollars 416-731-7710
ਦੰਦਾਂ ਦੀ ਦੇਖਭਾਲ 905-450-5600
ਸਸਤੀਆਂ ਹਵਾਈ ਟਿਕਟਾਂ 905-595-1700

ਪਹਿਲੇ ਸਫ਼ੇ ਦੀ ਬਾਕੀ

ਅਨਮੋਲ ਬਿਸ਼ਨੋਈ ਨੂੰ 11 ਦਿਨਾਂ ਦੇ ਰਿਮਾਂਡ ੦ਤੇ ਭੇਜਿਆ

13 ਅਕਤੂਬਰ 2024 ਨੂੰ ਮੁੰਬਈ 'ਚ **NCP** ਆਗੂ ਬਾਬਾ ਸਿੱਦੀਕੀ ਦੇ ਕਤਲ ਤੋਂ ਬਾਅਦ ਵੀ ਅਨਮੋਲ ਬਿਸ਼ਨੋਈ ਦਾ ਨਾਂ ਸਾਹਮਣੇ ਆਇਆ ਸੀ। ਅਨਮੋਲ ਬਿਸ਼ਨੋਈ ਦੇ ਨਾਂ ਦੀ ਸਭ ਤੋਂ ਪਹਿਲਾਂ ਉਸ ਵੇਲੇ ਚਰਚਾ ਹੋਈ ਸੀ ਜਦੋਂ 29 ਮਈ 2022 ਨੂੰ ਪੰਜਾਬੀ ਗਾਇਕ ਸ਼ੁਭਦੀਪ ਸਿੰਘ ਉਰਫ਼ ਸਿੱਧੂ ਮੂਸੇਵਾਲਾ ਦਾ ਕਤਲ ਕੀਤਾ ਗਿਆ ਸੀ। **US** ਇਮੀਗਰੇਸ਼ਨ ਐਂਡ ਕਸਟਮਜ਼ ਐਨਫ਼ਰੋਰਸਮੈਂਟ (**ICE**) ਦੀ ਵੈੱਬਸਾਈਟ ਮੁਤਾਬਿਕ 2024 'ਚ ਹੀ ਅਨਮੋਲ ਬਿਸ਼ਨੋਈ ਨੂੰ **US** 'ਚ ਗ੍ਰਿਫ਼ਤਾਰ ਕੀਤੇ ਜਾਣ ਸਬੰਧੀ ਜਾਣਕਾਰੀ ਸਾਂਝੀ ਕੀਤੀ ਗਈ ਸੀ ਜਿਸ ਤੋਂ ਬਾਅਦ ਉਸ ਨੂੰ ਅਮਰੀਕਾ ਦੀ ਪੋਟਾਵੈਟੋਮੀ ਜੇਲ੍ਹ 'ਚ ਭੇਜ ਦਿੱਤਾ ਗਿਆ ਸੀ।

NIA ਨੇ ਕੀ ਕਿਹਾ: ਪ੍ਰੈੱਸ ਰਿਲੀਜ਼ ਮੁਤਾਬਿਕ 2020-2023 ਦੌਰਾਨ ਭਾਰਤ 'ਚ ਵੱਖ-ਵੱਖ ਅਤਿਵਾਦੀ ਕਾਰਵਾਈਆਂ ਲਈ ਨਾਮਜ਼ਦ ਅਤਿਵਾਦੀ ਗੋਲਡੀ ਬਰਾੜ ਅਤੇ ਲੌਰੈਂਸ ਬਿਸ਼ਨੋਈ ਦੀ ਅਨਮੋਲ ਨੇ ਸਰਗਰਮੀ ਨਾਲ ਸਹਾਇਤਾ ਕੀਤੀ ਸੀ। **NIA** ਨੇ ਅੱਗੇ ਲਿਖਿਆ ਕਿ ਬਿਸ਼ਨੋਈ ਗੈਂਗ ਦੇ ਵੱਖ-ਵੱਖ ਸਾਥੀਆਂ ਨਾਲ ਮਿਲ ਕੇ ਕੰਮ ਕਰਦੇ ਹੋਏ ਅਨਮੋਲ ਨੇ ਅਤਿਵਾਦੀ ਸਿੰਡੀਕੇਟ ਚਲਾਉਣਾ ਅਤੇ ਲੌਰੈਂਸ ਬਿਸ਼ਨੋਈ ਗੈਂਗ ਲਈ ਅਮਰੀਕਾ ਤੋਂ ਅਤਿਵਾਦੀ ਕਾਰਵਾਈਆਂ ਨੂੰ ਅੰਜਾਮ ਦੇਣਾ ਜਾਰੀ ਰੱਖਿਆ ਅਤੇ ਜ਼ਮੀਨੀ ਪੱਧਰ 'ਤੇ ਆਪਣੇ ਕਾਰਕੁਨਾਂ ਦੀ ਵਰਤੋਂ ਕੀਤੀ। **NIA** ਦੀ ਜਾਂਚ ਤੋਂ ਪਤਾ ਲੱਗਾ ਹੈ ਕਿ ਅਨਮੋਲ ਨੇ ਗੈਂਗ ਦੇ ਸ਼ੂਟਰਾਂ ਅਤੇ ਕਾਰਕੁਨਾਂ ਨੂੰ ਪਨਾਹ ਅਤੇ ਲੌਜਿਸਟਿਕ ਸਹਾਇਤਾ ਵੀ ਪ੍ਰਦਾਨ ਕੀਤੀ ਸੀ। ਉਹ ਹੋਰ ਗੈਂਗਸਟਰਾਂ ਦੀ ਮਦਦ ਨਾਲ ਭਾਰਤ 'ਚ ਵਿਦੇਸ਼ੀ ਧਰਤੀ ਤੋਂ ਜਬਰੀ ਵਸੂਲੀਆਂ 'ਚ ਵੀ ਰੁੱਝਿਆ ਹੋਇਆ ਸੀ। ਅਤਿਵਾਦੀਆਂ, ਗੈਂਗਸਟਰਾਂ ਅਤੇ ਹਥਿਆਰਾਂ ਦੇ ਤਸਕਰਾਂ, ਉਨ੍ਹਾਂ ਦੇ ਬੁਨਿਆਦੀ ਢਾਂਚੇ ਅਤੇ ਫ਼ੰਡਿੰਗ ਚੈਨਲਾਂ ਸਮੇਤ ਬਿਸ਼ਨੋਈ ਗਰੁੱਪ ਦੇ ਮੁਕੰਮਲ ਗੱਠਜੋੜ ਨੂੰ ਤਬਾਹ ਕਰਨ ਦੇ ਆਪਣੇ ਯਤਨਾਂ ਦੇ ਹਿੱਸੇ ਵਜੋਂ **NIA** ਲੌਰੈਂਸ ਬਿਸ਼ਨੋਈ ਦੀ ਅਗਵਾਈ ਹੇਠ ਅਤਿਵਾਦੀਆਂ ਅਤੇ ਗੈਂਗਸਟਰਾਂ ਦੇ ਆਪਸੀ ਸਬੰਧਾਂ ਦੀ ਵੀ ਜਾਂਚ ਕਰ ਰਹੀ ਹੈ।

ਕੌਣ ਹੈ ਅਨਮੋਲ ਬਿਸ਼ਨੋਈ: ਅਨਮੋਲ ਬਿਸ਼ਨੋਈ ਗੁਜਰਾਤ ਦੀ ਜੇਲ੍ਹ 'ਚ ਬੰਦ ਅਪਰਾਧ ਜਗਤ ਨਾਲ ਜੁੜੇ ਗੈਂਗਸਟਰ ਲੌਰੈਂਸ ਬਿਸ਼ਨੋਈ ਦਾ ਛੋਟਾ ਭਰਾ ਹੈ। ਉਹ ਦੱਖਣੀ ਪੰਜਾਬ ਦੇ ਜ਼ਿਲ